ਮਲਾਰ ਮਹਲਾ ੫ ॥ ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ ॥ ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ ॥੧॥ ਰਹਾਉ ॥ ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ ॥ ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ ॥੧॥ ਭਈ ਨਿਮਾਣੀ ਸਰਨਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ ॥ ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ ਨਾਨਕ ਸੁਖਿ ਰੈਨਿ ਬਿਹਾਈ ॥੨॥੨॥੬॥ {ਪੰਨਾ 1267}

ਪਦ ਅਰਥ:- ਮਾਈ—ਹੇ ਮਾਂ! ਮੋਹਿ—ਮੈਨੂੰ। ਦੇਹੁ ਮਿਲਾਈ—ਮਿਲਾਇ ਦੇਹੁ, ਮਿਲਾ ਦੇ। ਸਗਲ ਸਹੇਲੀ—ਸਾਰੀਆਂ (ਸੰਤ-ਜਨ) ਸਹੇਲੀਆਂ। ਸੁਖ ਭਰਿ ਸੂਤੀ—ਪੂਰਨ ਸੁਖ ਵਿਚ ਲੀਨ ਰਹਿੰਦੀਆਂ ਹਨ। ਜਿਹ ਘਰਿ—ਜਿਨ੍ਹਾਂ ਦੇ ਹਿਰਦੇ-ਘਰ ਵਿਚ। ਲਾਲੁ—ਸੋਹਣਾ ਪ੍ਰਭੂ। ਬਸਾਈ—ਵੱਸਦਾ ਹੈ।1। ਰਹਾਉ।

ਮੋਹਿ—ਮੇਰੇ ਅੰਦਰ। ਮੋਹਿ ਨਿਰਗੁਨਿ—ਮੈਂ ਗੁਣ-ਹੀਨ ਵਿਚ। ਕਿਆ ਚਤੁਰਾਈ—ਕਿਹੜੀ ਸਿਆਣਪ? ਕਰਉ—ਕਰਉਂ, ਮੈਂ ਕਰਦੀ ਹਾਂ। ਬਰਾਬਰਿ—ਬਰਾਬਰੀ। ਜੋ ਰਾਤੀ—ਜਿਹੜੀਆਂ ਰੱਤੀਆਂ ਹੋਈਆਂ ਹਨ। ਸੰਗਿ—ਨਾਲ। ਢੀਠਾਈ—ਢੀਠਤਾ।1।

ਭਈ ਨਿਮਾਣੀ—ਮੈਂ ਮਾਣ ਛੱਡ ਦਿੱਤਾ ਹੈ। ਤਾਕੀ—ਤੱਕੀ ਹੈ। ਨਿਮਖ—(inmy—) ਅੱਖ ਝਮਕਣ ਜਿਤਨਾ ਸਮਾ। ਸੁਖਿ—ਸੁਖਿ ਵਿਚ। ਰੈਨਿ—(ਜ਼ਿੰਦਗੀ ਦੀ) ਰਾਤ। ਬਿਹਾਈ—ਬੀਤ ਰਹੀ ਹੈ।2।

ਅਰਥ:- ਹੇ ਮਾਂ! ਮੈਨੂੰ (ਭੀ) ਪ੍ਰੀਤਮ ਪ੍ਰਭੂ ਮਿਲਾ ਦੇ। ਜਿਨ੍ਹਾਂ (ਸੰਤ-ਜਨ-ਸਹੇਲੀਆਂ) ਦੇ (ਹਿਰਦੇ) ਘਰ ਵਿਚ ਸੋਹਣਾ ਪ੍ਰਭੂ ਆ ਵੱਸਦਾ ਹੈ ਉਹ ਸਾਰੀਆਂ ਸਹੇਲੀਆਂ ਆਤਮਕ ਆਨੰਦ ਵਿਚ ਮਗਨ ਰਹਿੰਦੀਆਂ ਹਨ।1। ਰਹਾਉ।

ਹੇ ਮਾਂ! ਮੇਰੇ ਵਿਚ ਨਿਰੇ ਔਗੁਣ ਹਨ (ਫਿਰ ਭੀ ਉਹ) ਪ੍ਰਭੂ ਸਦਾ ਦਇਆਵਾਨ (ਰਹਿੰਦਾ) ਹੈ। ਮੈਂ ਗੁਣ-ਹੀਨ ਵਿਚ ਕੋਈ ਅਜਿਹੀ ਸਿਆਣਪ ਨਹੀਂ (ਕਿ ਉਸ ਪ੍ਰਭੂ ਨੂੰ ਮਿਲ ਸਕਾਂ, ਪਰ ਜ਼ਬਾਨੀ ਫੜਾਂ ਮਾਰ ਕੇ) ਮੈਂ ਉਹਨਾਂ ਦੀ ਬਰਾਬਰੀ ਕਰਦੀ ਹਾਂ, ਜਿਹੜੀਆਂ ਪਿਆਰੇ (ਪ੍ਰਭੂ) ਨਾਲ ਰੱਤੀਆਂ ਹੋਈਆਂ ਹਨ—ਇਹ ਤਾਂ ਮੇਰੀ ਹਉਮੈ ਦੀ ਢੀਠਤਾ ਹੀ ਹੈ।1।

ਹੇ ਨਾਨਕ! (ਆਖ—ਹੇ ਮਾਂ! ਹੁਣ) ਮੈਂ ਮਾਣ ਛੱਡ ਦਿੱਤਾ ਹੈ, ਮੈਂ ਸਿਰਫ਼ ਸੁਖਦਾਤੇ ਗੁਰੂ ਸਤਿਗੁਰ ਪੁਰਖ ਦੀ ਸ਼ਰਨ ਤੱਕ ਲਈ ਹੈ। (ਉਸ ਗੁਰੂ ਨੇ) ਅੱਖ ਝਮਕਣ ਜਿਤਨੇ ਸਮੇ ਵਿਚ ਹੀ ਮੇਰਾ ਸਾਰਾ ਦੁੱਖ ਕੱਟ ਦਿੱਤਾ ਹੈ, (ਹੁਣ) ਮੇਰੀ (ਜ਼ਿੰਦਗੀ ਦੀ) ਰਾਤ ਆਨੰਦ ਵਿਚ ਬੀਤ ਰਹੀ ਹੈ।2। 2।6।